# 26 ਜਨਵਰੀ 2005 ਨੂੰ ਗੁਰਦੁਆਰਾ ਸ਼ਹੀਦ ਗੰਜ, ਬੀ-ਬਲਾਕ, ਅੰਮ੍ਰਿਤਸਰ ਵਿਖੇ ਸਿੱਖ ਰਾਜ ਦੇ ਪ੍ਰਤੀਕ ਖ਼ਾਲਸਾਈ ਝੰਡੇ ਨੂੰ ਝੁਲਾਉਣ ਮੌਕੇ ਦਲ ਖ਼ਾਲਸਾ ਦੇ ਵਰਕਿੰਗ ਪ੍ਰਧਾਨ ਸ. ਹਰਚਰਨਜੀਤ ਸਿੰਘ ਧਾਮੀ ਵਲੋਂ ਸਿੱਖ ਕੌਮ ਦੇ ਨਾਂ ਦਿੱਤਾ ਸੰਦੇਸ਼:

ਗੁਰੂ ਪਿਆਰੇ ਭੈਣੋ ਤੇ ਭਰਾਵੋ!

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥**

ਖ਼ਾਲਸਾਈ ਝੰਡੇ ਨੂੰ ਸਤਿਕਾਰ ਭੇਟ ਕਰਨ ਲਈ ਇਥੇ ਪਹੁੰਚਣ 'ਤੇ ਮੈਂ ਤੁਹਾਨੂੰ ਸਭ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੰਦਾ ਹਾਂ। ਅੱਜ ਅਸੀਂ ਉਸ ਇਤਿਹਾਸਕ ਅਸਥਾਨ 'ਤੇ ਖੜ੍ਹੇ ਹਾਂ ਜਿਥੇ ਅੱਜ ਤੋਂ 27 ਵਰ੍ਹੇ ਪਹਿਲਾਂ ਨਕਲੀ ਨਿਰੰਕਾਰੀਆਂ ਨੇ 13 ਗੁਰਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ ਉਹ ਘਟਨਾ ਅਜੋਕੇ ਸਿੱਖ ਇਤਿਹਾਸ ਵਿਚ ਇਕ ਅਹਿਮ ਮੋੜ ਸਿੱਧ ਹੋਈ ਸੀ। ਮੈਨੂੰ ਯਕੀਨ ਹੈ ਕਿ ਪ੍ਰਭੂ-ਸੱਤਾ ਸੰਪੰਨ ਸਿੱਖ-ਰਾਜ ਦੀ ਸਿਰਜਣਾ ਲਈ ਹੋ ਰਹੀਆਂ ਕੋਸ਼ਿਸ਼ਾਂ ਵਿਚ ਸਾਡਾ ਅੱਜ ਦਾ ਉਪਰਾਲਾ ਵੀ ਇਕ ਮੀਲ ਪੱਥਰ ਸਾਬਤ ਹੋਵੇਗਾ।

ਅੱਜ ਭਾਰਤੀ ਸੰਵਿਧਾਨ ਦੀ ਵਰ੍ਹੇ-ਗੰਢ ਹੈ। ਇਹ ਭਾਰਤ ਵਿਚ ਵਸਦੀਆਂ ਘੱਟਗਿਣਤੀਆਂ ਲਈ ਕਾਲਾ ਦਿਵਸ ਹੈ। ਅੱਜ ਇਥੇ ਆ ਕੇ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਸਲਾਮੀ ਦੇ ਕੇ ਤੁਸੀਂ ਉਨ੍ਹਾਂ ਸ਼ਹੀਦਾਂ ਦੀ ਯਾਦ ਅਤੇ ਵਚਨਬੱਧਤਾ ਨੂੰ ਜਿਉਂਦਾ ਰੱਖ ਰਹੇ ਹੋ ਜਿਨ੍ਹਾਂ ਨੇ ਸਿੱਖ ਧਰਮ ਅਤੇ ਕੌਮ ਲਈ ਜਾਨਾਂ ਵਾਰੀਆਂ। ਅੱਜ ਜਦੋਂ ਕਿ ਹਿੰਦੁਸਤਾਨੀ ਲੋਕ ਤਿਰੰਗੇ ਨੂੰ ਝੁਲਾਉਣ ਅਤੇ ਸਲਾਮੀ ਦੇਣ ਵਿਚ ਰੁਝੇ ਹੋਏ ਹਨ ਤਾਂ ਅਸੀਂ ਇਥੇ ਸਿੱਖ ਪ੍ਰਭੂ-ਸੱਤਾ ਅਤੇ ਹੱਕ-ਸੱਚ ਦੇ ਪ੍ਰਤੀਕ ਖ਼ਾਲਸਾਈ ਝੰਡੇ ਨੂੰ ਸਲਾਮੀ ਦੇ ਰਹੇ ਹਾਂ। 1947 ਮਗਰੋਂ ਹਿੰਦੋਸਤਾਨ ਵਿਚ ਬੇਤਹਾਸ਼ਾ ਮਨੁੱਖੀ ਖ਼ੂਨ ਡੁੱਲ੍ਹਿਆ ਹੈ ਅਤੇ ਲੋਕਾਂ ਨੇ ਬਹੁਤ ਸੰਤਾਪ ਭੋਗਿਆ ਹੈ। ਇਹ ਖ਼ੂਨ-ਖਰਾਬਾ ਕਿਸੇ ਬਾਹਰੀ ਤਾਕਤ ਨੇ ਨਹੀਂ ਸਗੋਂ ਭਾਰਤ ਦੀਆਂ ਆਪਣੀਆਂ ਸੁਰੱਖਿਆ ਫੋਰਸਾਂ ਨੇ ਕੀਤਾ ਹੈ। ਇਹ ਖ਼ੂਨ ਧਾਰਮਿਕ, ਨਸਲੀ, ਸੱਭਿਆਚਾਰਕ ਅਤੇ ਕਬਾਇਲੀ ਘੱਟਗਿਣਤੀਆਂ ਖਿਲਾਫ ਹਿੰਦੁਸਤਾਨੀ ਹਕੂਮਤ ਵਲੋਂ ਤਾਕਤ ਦੀ ਦੁਰਵਰਤੋਂ ਕਾਰਨ ਡੁੱਲ੍ਹਿਆ ਹੈ। ਮੁੱਢ-ਕਦੀਮੋਂ ਹੀ ਬ੍ਰਾਹਮਣਵਾਦ ਨੇ ਪਾੜੋ ਅਤੇ ਰਾਜ ਕਰੋ ਦੀ ਨੀਤੀ 'ਤੇ ਚੱਲਦਿਆਂ ਆਪਣੇ-ਆਪ ਨੂੰ ਹਿੰਦੁਸਤਾਨ ਦੀ ਸੱਤਾ ਉੱਤੇ ਕਾਬਜ਼ ਰੱਖਿਆ ਹੈ। ਉਨ੍ਹਾਂ ਨੇ ਸੱਤਾ ਨੂੰ ਆਪਣੀ ਜੱਦੀ ਜਾਗੀਰ ਮੰਨਿਆ ਹੋਇਆ ਹੇ। ਉਨ੍ਹਾਂ ਨੇ ਸਮਾਜ ਦੇ ਵੱਡੇ ਹਿੱਸੇ ਨੂੰ ਸੱਤਾ ਤੋਂ ਮਹਿਰੂਮ ਰੱਖਿਆ ਹੋਇਆ ਹੈ। ਉਨ੍ਹਾਂ ਨੇ ਦੂਜਿਆਂ ਦਾ ਜਿਉਣਾ ਨਰਕ ਬਣਾ ਦਿੱਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਇਹ ਜਮਾਤ ਸੱਚੇ ਹਿੰਦੂਆਂ ਦੀ ਪ੍ਰਤੀਨਿਧਤਾ ਨਹੀਂ ਕਰਦੀ। ਦਰਅਸਲ ਇਹ ਤਾਂ ਰਾਜ ਕਰਨ ਵਾਲੀ ਉਪਰਲੀ ਜਮਾਤ ਦੀ ਪ੍ਰਤੀਨਿਧ ਹੈ ਜਿਸਨੇ ਸੱਤਾ 'ਤੇ ਕਬਜ਼ਾ ਬਣਾਈ ਰੱਖਣ ਲਈ ਬਾਕੀ ਸਾਰੇ ਤੱਬਕਿਆਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਿਆ ਹੋਇਆ ਹੈ। ਜਦੋਂ ਵੀ ਕੋਈ, ਬ੍ਰਾਹਮਣੀ ਜਮਾਤ ਖਿਲਾਫ ਸਿਰ ਚੁੱਕਦਾ ਅਤੇ ਆਵਾਜ਼ ਬੁਲੰਦ ਕਰਦਾ ਹੈ, ਉਸਨੂੰ ਹਕੂਮਤ ਦੇ ਜ਼ਬਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਿੱਖਾਂ ਨੂੰ ਭਾਰਤੀ ਹਕੂਮਤ ਨੇ ਬਹੁਤ ਜ਼ਖ਼ਮ ਦਿੱਤੇ ਹਨ। ਹਕੂਮਤੀ ਏਜੰਸੀਆਂ ਵਲੋਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਣਗਿਣਤ ਹਨ। ਦਹਿਸ਼ਤ ਦੇ ਜ਼ੁਲਮੀ ਸਾਕੇ ਬਹੁਤ ਹੋਏ। ਸੁਰੱਖਿਆ ਫੋਰਸਾਂ ਨੇ ਬੇਸ਼ੁਮਾਰ ਸਿੱਖਾਂ ਦੀਆਂ ਕੀਮਤੀ ਜਾਨਾਂ ਲੈ ਲਈਆਂ। ਸਾਨੂੰ ਪਤਾ ਹੈ ਕਿ ਸਾਡਾ ਵਾਹ ਇਕ ਬਹੁਤ ਹੀ ਸ਼ਾਤਰ ਅਤੇ ਜੋਰਾਵਰ ਦੇਸ਼ ਨਾਲ ਪਿਆ ਹੋਇਆ ਹੈ ਪਰ ਸਾਡਾ ਅਟੱਲ ਵਿਸ਼ਵਾਸ ਹੈ ਕਿ ਕੌਮ ਦੀ ਮਜ਼ਬੂਤ ਇੱਛਾ ਸ਼ਕਤੀ ਕੌਮੀ ਨਿਸ਼ਾਨੇ ਨੂੰ ਜ਼ਰੂਰ ਪ੍ਰਾਪਤ ਕਰੇਗੀ।

ਜਮਾਂਦਰੂ ਜੁਝਾਰੂਪਣੇ ਅਤੇ ਸ਼ਾਨਾਂ-ਮੱਤੇ ਇਤਿਹਾਸ ਸਦਕਾ ਸਿੱਖ ਅੱਜ ਵੀ ਡਟੇ ਹੋਏ ਹਨ। ਹਿੰਦੁਸਤਾਨ ਨੇ ਸਿੱਖਾਂ ਨੂੰ ਦੱਬਣ-ਕੁਚਲਣ ਦੇ ਅਨੇਕਾਂ ਢੰਗਤਰੀਕੇ ਅਤੇ ਸਾਧਨ ਵਰਤੇ ਪਰ ਸਭ ਅਸਫਲ ਰਹੇ। ਲੰਮੇ ਸਮੇਂ ਤੋਂ ਸਾਡੇ ਲੋਕਾਂ ਦਾ ਖ਼ੂਨ ਵਗ ਰਿਹਾ ਹੈ। ਲੰਮੇ ਸਮੇਂ ਤੋਂ ਸਾਡੇ ਲੋਕਾਂ ਦੀ ਸੋਚ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਲੰਮੇ ਸਮੇਂ ਤੋਂ ਅਸੀਂ ਸਾਰੇ ਸੰਤਾਪ ਭੋਗ ਰਹੇ ਹਾਂ। ਕਿਉਂਕਿ ਸਾਡਾ ਧਾਰਮਿਕ ਅਕੀਦਾ ਹਿੰਦੂ ਮੁੱਖਧਾਰਾ ਨਾਲ ਮੇਲ ਨਹੀਂ ਖਾਂਦਾ।

ਅੱਜ ਅਸੀਂ ਇਸ ਮੰਚ ਤੋਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਸਿੱਖ ਹਿੰਦੁਸਤਾਨੀ ਪਿੰਜਰੇ ਵਿਚ ਕੈਦ ਹਨ। ਉਹ ਭਾਰਤ ਵਿਚ ਮਜਬੂਰੀ-ਵਸ ਰਹਿ ਰਹੇ ਹਨ। ਭਾਰਤ ਵਿਚ ਰਹਿਣਾ ਉਨ੍ਹਾਂ ਦੀ ਇੱਛਾ ਨਹੀਂ ਹੈ। 1950 ਵਿਚ ਜਿਸ ਦਿਨ ਭਾਰਤੀ ਸੰਵਿਧਾਨ ਸਾਡੇ ਉੱਪਰ ਥੋਪ ਦਿੱਤਾ ਗਿਆ; ਉਸ ਦਿਨ ਤੋਂ ਸਾਨੂੰ ਸੰਵਿਧਾਨਕ ਪਿੰਜਰੇ ਵਿਚ ਕੈਦ ਕਰ ਲਿਆ ਗਿਆ। ਉਸ ਦਿਨ ਤੋਂ ਅਸੀਂ ਇਸ ਮੁਲਕ ਵਿਚ ਕੈਦੀ ਹਾਂ। ਇਹ ਵੱਖਰੀ ਗੱਲ ਹੈ ਕਿ ਸਾਡੀ ਜੇਲ੍ਹ ਦੀਆਂ ਕੰਧਾਂ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਫੈਲੀਆਂ ਹੋਈਆਂ ਹਨ। ਅਸੀਂ ਆਪਣੀ ਕਿਸਮਤ ਦੇ ਆਪ ਮਾਲਕ ਬਣਨਾ ਚਾਹੁੰਦੇ ਹਾਂ। ਸਾਡੀ ਆਜ਼ਾਦੀ ਦੀ ਜੰਗ (ਸੰਘਰਸ਼) 'ਤੇ ਉਮੀਦਾਂ ਜਿਉਂਦੀਆਂ-ਜਾਗਦੀਆਂ ਹਨ।

ਸਿੱਖਾਂ ਵਲੋਂ ਸੰਵਿਧਾਨ ਦੀ ਕੀਤੀ ਮੁਖ਼ਾਲਫਤ ਜਾਣੀ-ਪਹਿਚਾਣੀ ਗੱਲ ਹੈ। ਸੰਵਿਧਾਨ ਸਭਾ ਵਿਚਲੇ ਸਿੱਖ ਨੁਮਾਇੰਦਿਆਂ ਨੇ ਵਿਰੋਧ ਵਿਚ ਇਸ ਉੱਤੇ ਦਸਤਖ਼ਤ ਨਹੀਂ ਸੀ ਕੀਤੇ। ਸੰਵਿਧਾਨ ਬਣਾਉਣ ਵਾਲਿਆਂ ਨੇ ਇਸਨੂੰ ਘੜਨ ਦੀ ਭਾਵਨਾ ਹੀ ਮਾਰ ਦਿੱਤੀ ਅਤੇ 1947 ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਸਾਰੇ ਵਾਅਦੇ ਤੋੜ ਕੇ ਵਿਸ਼ਵਾਸਘਾਤ ਕੀਤਾ।

ਭਾਰਤੀ ਸੰਵਿਧਾਨ ਸਿੱਖਾਂ ਦੀ ਵੱਖਰੀ ਪਹਿਚਾਣ ਮੰਨਣੋ ਇਨਕਾਰੀ ਹੈ। ਭਾਰਤੀ ਸੰਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਮੰਨਿਆ ਗਿਆ ਹੈ। ਇਥੋਂ ਤੱਕ ਕਿ ਸਿੱਖਾਂ ਦੇ ਆਨੰਦ ਮੈਰਿਜ ਐਕਟ ਨੂੰ ਤੋੜ ਕੇ 1955 ਵਿਚ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ ਦੇ ਅਧੀਨ ਲਿਆਂਦਾ ਗਿਆ। ਸੰਪਤੀ, ਗੋਦ ਲੈਣ ਅਤੇ ਹੋਰ ਸਾਰੇ ਕਾਰ-ਵਿਹਾਰ ਵੀ ਸਿੱਖਾਂ ਨੂੰ ਹਿੰਦੂ ਕਾਨੂੰਨਾਂ ਰਾਹੀਂ ਕਰਨ ਲਈ ਮਜਬੂਰ ਕੀਤਾ ਗਿਆ।

ਭਾਰਤੀ ਸੰਵਿਧਾਨ ਵਿਚ 72 ਤੋਂ ਵੱਧ ਸੋਧਾਂ ਹੋ ਚੁਕੀਆਂ ਹਨ। ਪਰ ਇਕ ਵੀ ਸੋਧ ਸਿੱਖ ਕੌਮ ਦੀ ਅੱਡਰੀ ਪਹਿਚਾਣ ਨੂੰ ਮਾਨਤਾ ਦੇਣ ਲਈ ਨਹੀਂ ਕੀਤੀ ਗਈ। ਇਸ ਸੰਵਿਧਾਨ ਅਤੇ ਤਿਰੰਗੇ ਦੀ ਛੱਤਰ-ਛਾਇਆ ਹੇਠ ਹਜ਼ਾਰਾਂ ਸਿੱਖ ਪਿਛਲੇ ਢਾਈ ਦਹਾਕਿਆਂ ਦੌਰਾਨ ਮਾਰ ਮੁਕਾਏ ਗਏ। ਸਾਨੂੰ ਭਾਰਤੀ ਸੰਵਿਧਾਨ ਘੜਨ ਵਾਲੀ ਸਭਾ ਵਿਚਲੇ ਸਿੱਖ ਨੁਮਾਇੰਦਿਆਂ ਭੁਪਿੰਦਰ ਸਿੰਘ ਮਾਨ ਅਤੇ ਹੁਕਮ ਸਿੰਘ ਦੇ ਬੋਲ ਅੱਜ ਵੀ ਯਾਦ ਹਨ ਅਤੇ ਅਸੀਂ ਉਹ ਬੋਲ ਗੱਜ-ਵੱਜ ਕੇ ਦੁਹਰਾਉਂਦੇ ਹਾਂ:

**"ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ।**
**ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।"**

ਅੱਜ ਇਸ ਮੌਕੇ 'ਤੇ ਅਸੀਂ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਦਿਵਾਉਣਾ ਚਾਹਾਂਗੇ ਕਿ ਸਿੱਖ ਇਸ ਲੜਾਈ ਵਿਚ ਇਕੱਲੇ ਨਹੀਂ। ਇਸੇ ਵਕਤ ਕਸ਼ਮੀਰੀ, ਨਾਗੇ ਅਤੇ ਆਸਾਮੀ ਵੀ ਭਾਰਤ ਦੇ ਗਣਤੰਤਰ ਦਿਵਸ ਨੂੰ **ਕਾਲੇ ਦਿਵਸ** ਦੇ ਤੌਰ 'ਤੇ ਮਨਾ ਰਹੇ ਹਨ। ਆਓ! ਬ੍ਰਾਹਮਣੀ ਨਿਜ਼ਾਮ ਵਲੋਂ ਦੱਬੇਕੁਚਲੇ ਅਤੇ ਸਤਾਏ ਲੋਕਾਂ ਦੇ ਸਾਂਝੇ ਮਕਸਦ ਨੂੰ ਇੱਕ ਮੰਚ 'ਤੇ ਲਿਆਉਣ ਦਾ ਪ੍ਰਣ ਕਰੀਏ। ਆਜ਼ਾਦੀ ਲਈ ਜੱਦੋ-ਜਹਿਦ ਸਾਡੀ ਜੀਵਨ-ਰੇਖਾ ਹੈ। ਭਾਰਤੀ ਸਥਾਪਤੀ ਖਿਲਾਫ ਰਾਜਨੀਤਕ ਅੰਦੋਲਨ ਛੇੜਨ ਦੀ ਲੋੜ ਹੈ। ਮੇਰੀ ਇੱਛਾ ਹੈ ਕਿ ਅਸੀਂ ਆਪਣੇ ਰਵੱਈਏ ਵਿਚ ਤਬਦੀਲੀ ਲਿਆਈਏ ਅਤੇ ਭਾਰਤੀ ਸੰਵਿਧਾਨ ਦੇ ਪਿੰਜਰੇ ਵਿਚੋਂ ਨਿਕਲਣ ਦਾ ਰਾਹ ਲੱਭੀਏ। ਅੱਜ **ਵਿਸ਼ਵਾਸਘਾਤ ਦਿਵਸ** ਹੈ। ਪਰ ਅੱਜ ਇਕ ਨਵੇਂ ਸੰਘਰਸ਼ ਦੀ ਆਰੰਭਤਾ ਦਾ ਦਿਹਾੜਾ ਵੀ ਹੈ। ਸਾਨੂੰ ਢਿੱਲੇ ਨਹੀਂ ਪੈਣਾ ਚਾਹੀਦਾ ਤੇ ਖ਼ਾਲਸਾ ਪੰਥ ਦੇ ਸਿਧਾਂਤਕ ਦੁਸ਼ਮਣਾਂ ਜਿਵੇਂ ਕਿ ਆਰ. ਐਸ. ਐਸ., ਨਕਲੀ ਨਿਰੰਕਾਰੀਆਂ, ਨੂਰਮਹਿਲੀਆਂ ਵਰਗੇ ਸੰਗਠਨਾਂ ਅਤੇ ਨਕਲੀ ਗੁਰੂਆਂ ਦੀ ਚੁਣੌਤੀ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਸਾਨੂੰ ਕਾਂਗਰਸ ਦੇ ਸਿੱਖਾਂ ਪ੍ਰਤੀ ਜਾਗੇ ਅਖੌਤੀ ਪਿਆਰ ਨਾਲ ਬੜੀ ਸੂਝ-ਬੂਝ ਨਾਲ ਨਜਿੱਠਣਾ ਪਵੇਗਾ। ਸਾਨੂੰ ਕਾਂਗਰਸ ਦੇ ਇਸ ਛਲਾਵੇ ਵਿਚ ਆਉਣ ਦੀ ਵੀ ਲੋੜ ਨਹੀਂ ਕਿ ਉਸ ਨੇ ਪ੍ਰਧਾਨ ਮੰਤਰੀ ਅਤੇ ਫੌਜ ਦੇ ਮੁਖੀ ਦੇ ਅਹੁਦੇ ਲਈ ਸਿੱਖਾਂ ਦੀ ਚੋਣ ਕੀਤੀ ਹੈ।

**ਸਿਧਾਂਤਕ ਸੰਘਰਸ਼ ਦੇ ਵਾਰਸੋ!** ਜਿਹੜਾ ਸਾਹਿਤ ਅਤੇ ਸਭਿਆਚਾਰ ਪੰਜਾਬ ਦੀ ਜਵਾਨੀ ਨੂੰ ਗੰਧਲਾ, ਅਨੈਤਿਕ ਜਾਂ ਅਧਰਮੀ ਬਣਾਉਂਦਾ ਹੈ ਉਸ ਦਾ ਡੱਟਵਾਂ ਵਿਰੋਧ ਹੋਣਾ ਚਾਹੀਦਾ ਹੈ। ਸਾਨੂੰ ਪ੍ਰਵਾਸੀ ਮਜ਼ਦੂਰਾਂ ਦੀ ਵਧ ਰਹੀ ਆਬਾਦੀ ਖਿਲਾਫ ਵੀ ਡਟਣਾ ਪੈਣਾ ਹੈ। ਇਸ ਖਿੱਤੇ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਕਰੜੀ ਮਿਹਨਤ ਦੀ
ਲੋੜ ਹੈ। ਬੇਰੁਜ਼ਗਾਰ ਨੌਜਵਾਨਾਂ ਲਈ ਸਾਨੂੰ ਕੰਮ ਦੇ ਮੌਕੇ ਮੁਹੱਈਆ ਕਰਵਾਉਣੇ ਪੈਣਗੇ ਤਾਂ ਜੋ ਉਹ ਨਸ਼ੱਈ ਅਤੇ ਪਤਿਤ ਨਾ ਹੋਣ। ਆਰਥਿਕ ਮੁਹਾਜ਼ ਉੱਤੇ ਵੀ ਬਹੁਤ ਉਪਰਾਲੇ ਕਰਨੇ ਪੈਣਗੇ। ਕਿਸਾਨੀ ਦੀ ਮਾਲੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਵੀ ਠੋਸ ਕਦਮ ਚੁੱਕਣੇ ਪੈਣਗੇ। ਵਾਹਘਾ ਬਾਰਡਰ ਖੋਹਲਣਾ ਜ਼ਰੂਰੀ ਹੈ ਤਾਂ ਜੋ ਦੋਵਾਂ ਪੰਜਾਬਾਂ ਦੀ ਆਰਥਿਕ ਅਤੇ ਸੱਭਿਆਚਾਰਕ ਸਾਂਝ ਵਧੇ। ਅਸੀਂ ਹਿੰਦੋਸਤਾਨ ਅਤੇ ਪਾਕਿਸਤਾਨ ਦੋਹਾਂ ਮੁਲਕਾਂ ਨਾਲ ਚੰਗੇ ਸਬੰਧ ਰੱਖਣ ਦੇ ਇੱਛੁਕ ਹਾਂ। ਸਾਨੂੰ ਖਿੱਤੇ ਦੇ ਇਸਾਈ, ਮੁਸਲਮਾਨਾਂ ਅਤੇ ਹਿੰਦੂਆਂ ਨਾਲ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਵਿਸ਼ੇਸ਼ ਯਤਨ ਕਰਨੇ ਪੈਣਗੇ। ਸਾਡੇ ਕੁਦਰਤੀ ਸੋਮੇ ਦਰਿਆਈ ਪਾਣੀਆਂ ਨੂੰ ਲੁੱਟਣ ਦੇ ਭਾਰਤੀ ਹਕੂਮਤ ਦੇ ਯਤਨਾਂ ਅਤੇ ਸਾਜ਼ਿਸ਼ਾਂ ਦੇ ਖਿਲਾਫ ਸਾਨੂੰ ਜੁਰਅਤ ਨਾਲ ਡਟਣਾ ਪਵੇਗਾ। ਸਿੱਖ-ਰਾਜ ਦੀ ਭਾਵਨਾ ਖਿਲਾਫ ਸਾਜ਼ਿਸ਼ ਤਹਿਤ ਜਾਣ-ਬੁੱਝ ਕੇ ਫੈਲਾਈਆਂ ਗਈਆਂ ਗਲਤ ਧਾਰਨਾਵਾਂ ਨੂੰ ਦੂਰ ਕਰਨਾ ਵੀ ਸਾਡੀ ਜ਼ਿੰਮੇਵਾਰੀ ਹੈ।ਆਖਿਆ ਜਾ ਰਿਹਾ ਹੈ ਕਿ 21ਵੀਂ ਸਦੀ ਬਦਲਾਅ ਦੀ ਸਦੀ ਹੋਵੇਗੀ। ਆਉਣ ਵਾਲੇ ਦਸ ਵਰ੍ਹਿਆਂ ਵਿਚ ਬਹੁਤ ਸਾਰੇ ਥਾਵਾਂ ਉੱਤੇ ਬਹੁਤ ਕੁਝ ਬਦਲੇਗਾ। ਇਨ੍ਹਾਂ ਸੰਭਾਵਨਾਵਾਂ ਦੇ ਮੱਦੇਨਜ਼ਰ ਸਿੱਖ ਵੀ ਇਸ ਖਿੱਤੇ ਵਿਚ ਬਦਲਾਅ ਲਈ ਤਿਆਰ ਰਹਿਣ। ਆਓ! ਉਮੀਦ ਕਰੀਏ ਕਿ ਆਉਣ
ਵਾਲੇ ਭਵਿੱਖ ਵਿਚ ਪੰਜਾਬ ਵਿਚ ਕੋਈ 26 ਜਨਵਰੀ ਨਹੀਂ ਮਨਾਵੇਗਾ ਅਤੇ ਨਾ ਹੀ ਕੋਈ ਤਿਰੰਗਾ ਝੁੱਲੇਗਾ। ਪੰਜਾਬ ਵਿਚ ਹਰ ਥਾਂ ਖ਼ਾਲਸਾਈ ਨਿਸ਼ਾਨ ਝੂਲਣਗੇ। ਅੱਜ ਦਲ ਖ਼ਾਲਸਾ ਵਿਦੇਸ਼ਾਂ ਵਿਚ ਰਹਿੰਦੇ ਸਿੱਖ ਭਾਈਚਾਰੇ ਨੂੰ ਇਹ ਅਪੀਲ ਕਰਦਾ ਹੈ ਕਿ ਉਹ ਸਿੱਖ ਕੌਮ ਲਈ ਯੂ.ਐਨ.ਓ. ਵਿਚ ਸੰਯੁਕਤ ਮੈਂਬਰੀ (ਅਸਸੋਚਇਟੲ ਇਮਬੲਰਸਹਪਿ) ਲਈ ਉਪਰਾਲੇ ਤੇਜ਼ ਕਰ ਦੇਣ। ਦਲ ਖ਼ਾਲਸਾ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਦੁਨੀਆਂ
ਦੇ ਕੋਨੇ-ਕੋਨੇ ਵਿਚ ਜੂਝ ਰਹੇ ਹਰ ਸਿੱਖ ਅਤੇ ਸਿੱਖ ਸੰਸਥਾ ਨੂੰ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਲਈ ਵਧਾਈ ਦਿੰਦਾ ਹੈ।

**ਝੂਲਦੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ॥**
**ਲਾਗਤੇ ਦਿਵਾਨ ਰਹੇਂ ਗੁਰੂ ਮਹਾਰਾਜ ਕੇ॥**

ਅੱਜ ਦਾ ਇਹ ਇਕੱਠ ਹਿੰਦੁਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਸੁਨਾਮੀ ਲਹਿਰਾਂ ਕਾਰਨ ਹੋਈ ਤਬਾਹੀ ਅਤੇ ਮਨੁੱਖੀ ਜਾਨ-ਮਾਲ ਦੇ ਨੁਕਸਾਨ ਅਤੇ ਬੀਤੇ ਦਿਨ ਮਹਾਂਰਾਸ਼ਟਰਾ ਵਿਖੇ ਮੰਦਰ ਵਿਚ ਹੋਈਆਂ ਮੌਤਾਂ 'ਤੇ ਡੂੰਘਾ ਅਫਸੋਸ ਜਾਹਰ ਕਰਦਾ ਹੈ।

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥***
**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***(ਇਸ ਸੰਦੇਸ਼ ਨੂੰ ਆਧਾਰ ਬਣਾ ਕੇ ਅੰਮ੍ਰਿਤਸਰ ਪੁਲਿਸ ਵਲੋਂ ਦਲ ਖ਼ਾਲਸਾ ਦੇ ਵਰਕਿੰਗ ਪ੍ਰਧਾਨ ਸਮੇਤ 35 ਕਾਰਕੁੰਨਾਂ ਉੱਪਰ ਬਗ਼ਾਵਤ ਦਾ ਪਰਚਾ ਦਰਜ ਕੀਤਾ ਗਿਆ)***